# ਜਾਣਕਾਰੀ ਦਾ ਦਸਤਾਵੇਜ

Ontario

ਮਨਿਸਟਰੀ ਆਫ਼ ਦ
ਐਟਰਨੀ ਜਨਰਲ

26 ਅਪਰੈਲ 2006

## ਓਨਟੇਰੀਓ ਦੀ ਮਨੁੱਖੀ ਹੱਕਾਂ ਦੀ ਪ੍ਰਣਾਲੀ ਨੂੰ ਮਜ਼ਬੂਤ ਕਰਦਿਆਂ

ਮਨੁੱਖੀ ਹੱਕਾਂ ਦੀ ਵਰਤਮਾਨ ਪ੍ਰਣਾਲੀ, ਜੋ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਅਤੇ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਦੀ ਬਣੀ ਹੋਈ ਹੈ, ਸੰਨ 1962 ਤੋਂ ਚਲੀ ਆ ਰਹੀ ਹੈ ਜਦੋਂ ਸੂਬੇ ਨੇ ਮਨੁੱਖੀ ਹੱਕਾਂ ਬਾਰੇ ਕੈਨੇਡਾ ਦਾ ਪਹਿਲਾ ਕਾਨੂੰਨ ਸਥਾਪਤ ਕੀਤਾ ਸੀ। ਇਹ ਕਾਨੂੰਨ ਰੋਜ਼ਗਾਰ ਵਾਲੀ ਥਾਂ ਤੇ ਅਤੇ ਰਿਹਾਇਸ਼, ਮਾਲ-ਅਸਬਾਬ, ਸੇਵਾਵਾਂ ਅਤੇ ਸਹੂਲਤਾਂ ਵਿੱਚ ਵਿਤਕਰਾ ਅਤੇ ਤੰਗ-ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਰੋਕਣ ਲਈ ਲਾਗੂ ਕੀਤਾ ਗਿਆ ਸੀ।

### ਮਨੁੱਖੀ ਹੱਕਾਂ ਦੀ ਪ੍ਰਣਾਲੀ ਦੇ ਆਧੁਨਿਕੀਕਰਣ ਵਿੱਚ ਓਨਟੇਰੀਓ ਮੋਹਰੀ ਰਹੇਗਾ

ਓਨਟੇਰੀਓ ਸਰਕਾਰ ਨੇ ਇੱਕ ਅਜਿਹਾ ਕਾਨੂੰਨ ਲਿਆਂਦਾ ਹੈ ਜੋ, ਜੇ ਕਰ ਪਾਸ ਹੋ ਜਾਂਦਾ ਹੈ, ਓਨਟੇਰੀਓ ਦੀ 40-ਸਾਲਾ ਪੁਰਾਣੀ ਮਨੁੱਖੀ ਅਧਿਕਾਰ ਪ੍ਰਣਾਲੀ ਨੂੰ ਆਧੁਨਿਕ ਅਤੇ ਮਜ਼ਬੂਤ ਬਣਾਵੇਗਾ, ਤਾਂ ਕਿ ਇਹ ਸ਼ਿਕਾਇਤਾਂ ਦਾ ਨਿਪਟਾਰਾ ਜਲਦੀ ਅਤੇ ਵਧੇਰੇ ਅਸਰਦਾਰ ਢੰਗ ਨਾਲ ਕਰ ਸਕੇ ਅਤੇ ਮਨੁੱਖੀ ਅਧਿਕਾਰਾਂ ਦੇ ਆਧੁਨਿਕ ਮੁੱਦਿਆਂ ਪ੍ਰਤੀ ਵਧੇਰੇ ਸਹੀ ਕਾਰਵਾਈ ਕਰ ਸਕੇ।

ਇੱਕ ਦਹਾਕੇ ਤੋਂ ਵੀ ਵਧੇਰੇ ਸਮੇਂ ਤੋਂ ਓਨਟੇਰੀਓ ਵਿੱਚ ਮਨੁੱਖੀ ਹੱਕਾਂ ਵਿੱਚ ਸੁਧਾਰ ਵਿਚਾਰ-ਵਟਾਂਦਰਿਆਂ ਅਤੇ ਮਸ਼ਵਰਿਆਂ ਦਾ ਮਜ਼ਬੂਨ ਰਹੇ ਹਨ। ਪਿਛਲੇ ਸਾਲ ਦੌਰਾਨ ਮਨਿਸਟਰੀ ਆਫ਼ ਦ ਐਟਰਨੀ ਜਨਰਲ ਨੇ ਅਨੇਕ ਭਾਈਚਾਰਕ ਅਤੇ ਮਨੁੱਖੀ ਹੱਕਾਂ ਬਾਰੇ ਗਰੁੱਪਾਂ ਨਾਲ ਸਲਾਹ-ਮਸ਼ਵਰਾ ਕੀਤਾ ਹੈ। ਪ੍ਰਸਤਾਵਿਤ ਸੁਧਾਰ, ਜਿਹੜੇ ਕਾਰਨਿਸ਼ ਰੀਪੋਰਟ ਸਮੇਤ ਕਈ ਰੀਪੋਰਟਾਂ ਦੀਆਂ ਸਿਫਾਰਸ਼ਾਂ ਦੇ ਮੁਤਾਬਕ ਹਨ, ਜਨਤਾ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਵਿੱਚ ਸੁਧਾਰ ਕਰਨਗੇ ਅਤੇ ਸੂਬੇ ਵਿੱਚ ਮਨੁੱਖੀ ਹੱਕਾਂ ਨੂੰ ਵਾਧਾ ਬਖਸ਼ਣਗੇ।

1992 ਵਿੱਚ, ਇੱਕ ਵਕੀਲ ਅਤੇ ਅੰਤਰਾਸ਼ਟਰੀ ਪ੍ਰਸਿੱਧੀ-ਪ੍ਰਾਪਤ ਮਾਹਿਰ ਮੇਰੀ ਕਾਰਨਿਸ਼ ਵੱਲੋਂ ਪੇਸ਼ ਕੀਤੀ ਗਈ ਕਾਰਨਿਸ਼ ਰੀਪੋਰਟ ਨੇ ਓਨਟੇਰੀਓ ਵਿੱਚ ਹਿਊਮਨ ਰਾਈਟਸ ਕੋਡ ਅਧੀਨ ਮਨੁੱਖੀ ਹੱਕਾਂ ਦੇ ਲਾਗੂ ਕੀਤੇ ਜਾਣ ਦੀਆਂ ਕਾਰਜ-ਵਿਧੀਆਂ ਤੇ ਮੁੜ-ਵਿਚਾਰ ਕੀਤਾ। ਰੀਪੋਰਟ ਨੇ ਸਿਫਾਰਸ਼ ਕੀਤੀ ਕਿ ਸ਼ਿਕਾਇਤ-ਕਰਤਾਵਾਂ ਨੂੰ ਸ਼ਿਕਾਇਤਾਂ ਸਿੱਧੀਆਂ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਦਾਇਰ ਕੀਤੇ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਕਮਿਸ਼ਨ ਦੇ ਬੁਨਿਆਦੀ ਮਕਸਦ ਵਿੱਦਿਆ ਅਤੇ ਖੋਜ ਹੋਣ ਦੇ ਨਾਲ-ਨਾਲ ਸਿਲਸਿਲੇਵਾਰ ਵਿਤਕਰੇ ਦੀ ਸਮੱਸਿਆ ਸੁਲਝਾਉਣਾ ਹੋਣਗੇ।

ਮਨੁੱਖੀ ਹੱਕਾਂ ਦੀ ਪ੍ਰਣਾਲੀ ਦਾ ਨਵਾਂ ਮਾਡਲ ਇਨ੍ਹਾਂ ਸਿਫਾਰਸ਼ਾਂ ਮੁਤਾਬਕ ਹੈ ਅਤੇ ਹੇਠ ਲਿਖੇ ਮੁਤਾਬਕ ਵਿਤਕਰੇ ਦਾ ਹੱਲ ਕਰੇਗਾ:

- ਵਿਤਕਰੇ ਦੇ ਖਾਤਮੇ ਲਈ ਵਿੱਦਿਆ, ਜਨਤਕ ਵਕਾਲਤ, ਖੋਜ, ਵਿਸ਼ਲੇਸ਼ਣ, ਅਤੇ ਵਾਧੇ ਵਰਗੇ ਪੇਸ਼ਬੰਦੀ ਵਾਲੇ ਕਦਮਾਂ ਤਹਿਤ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਦੇ ਕੰਮ ਤੇ ਧਿਆਨ ਕੇਂਦ੍ਰਿਤ ਕਰ ਕੇ। ਕਮਿਸ਼ਨ ਅਜਿਹੇ ਸਿਲਸਿਲੇਵਾਰ ਮੁੱਦਿਆਂ ਦੇ ਹੱਲ ਲਈ ਯਤਨ ਕਰੇਗਾ ਜਿਨ੍ਹਾਂ ਦਾ ਭਾਈਚਾਰਿਆਂ ਅਤੇ ਗਰੁੱਪਾਂ ਤੇ, ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਯਤਨਾ ਤੇ, ਵਿਆਪਕ ਅਸਰ ਪੈਂਦਾ ਹੈ।

- ਓ.ਐੱਚ.ਆਰ.ਸੀ. ਦੇ ਵਿੱਚ-ਵਿੱਚ ਦੋ ਸਕੱਤਰੇਤ – ਇੱਕ ਨਸਲਵਾਦ-ਵਿਰੋਧੀ ਸਕੱਤਰੇਤ, ਅਤੇ ਇੱਕ ਅਪਾਹਜਤਾ ਸੰਬੰਧੀ ਹੱਕਾਂ ਬਾਰੇ ਸਕੱਤਰੇਤ – ਸਥਾਪਤ ਕਰ ਕੇ

- ਸ਼ਿਕਾਇਤ ਨਿਵਾਰਣ ਦੀ ਇੱਕ ਵਧੇਰੇ ਖੁੱਲ੍ਹੀ, ਪਹੁੰਚਯੋਗ ਅਤੇ ਤੇਜ਼ ਕਾਰਜ-ਵਿਧੀ ਰਾਹੀਂ ਜਿਸ ਵਿੱਚ ਸ਼ਿਕਾਇਤਾਂ ਸਿੱਧੀਆਂ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਦਾਇਰ ਕੀਤੀਆਂ ਜਾਣਗੀਆਂ। ਆਪਣੇ ਲਈ ਜ਼ਾਬਤਾ ਤੈਅ ਕਰਨ ਅਤੇ ਆਪਣੇ ਕੋਲ ਮੌਜੂਦ ਕੰਮ ਦੇ ਭਾਰ ਨਾਲ ਕਾਰਗਰ ਅਤੇ ਅਸਰਦਾਇਕ ਤਰੀਕੇ ਨਾਲ ਨਿਪਟਣ ਲਈ, ਅਤੇ ਮਸਲਿਆਂ ਦੇ ਹੱਲ ਦੇ ਬਦਲਵੇਂ ਢੰਗ ਪ੍ਰਦਾਨ ਕਰਨ ਹਿਤ ਟ੍ਰਿਬਿਊਨਲ ਕੋਲ ਵਧਾਈਆਂ ਹੋਈਆਂ ਵਿਧਾਨਕ ਤਾਕਤਾਂ ਹੋਣਗੀਆਂ

- ਇੱਕ ਨਵੇਂ ਹਿਊਮਨ ਰਾਈਟਸ ਲੀਗਲ ਸਪੋਰਟ ਸੈਂਟਰ ਦੀ ਸਥਾਪਨਾ ਕਰ ਕੇ।

## ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਦੀ ਵਰਤਮਾਨ ਭੂਮਿਕਾ

ਮੈਗਿੰਟੀ ਸਰਕਾਰ ਨੇ ਨਵੰਬਰ 2005 ਵਿੱਚ ਬਾਰਬਰਾ ਹਾਲ ਨੂੰ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਦੀ ਚੀਫ਼ ਕਮਿਸ਼ਨਰ ਨਿਯੁਕਤ ਕੀਤਾ।

ਕਮਿਸ਼ਨ ਇੱਕ ਆਜ਼ਾਦ ਅਦਾਰਾ ਹੈ ਜੋ ਐਟਰਨੀ ਜਨਰਲ ਰਾਹੀਂ ਜਨਤਾ ਨੂੰ ਜਵਾਬਦੇਹ ਹੈ। ਕਮਿਸ਼ਨ ਦੀ ਮੁੱਖ ਭੂਮਿਕਾ ਸ਼ਿਕਾਇਤਾਂ ਪ੍ਰਾਪਤ ਕਰਨਾ ਅਤੇ ਇਨ੍ਹਾਂ ਤੇ ਕਾਰਵਾਈ ਕਰਨਾ ਹੈ। ਕਮਿਸ਼ਨ ਕੋਲ ਪ੍ਰਤੀ ਸਾਲ ਦਾਇਰ ਕੀਤੇ ਜਾਣ ਵਾਲੇ ਮਾਮਲਿਆਂ ਦੀ ਔਸਤ ਗਿਣਤੀ 2,500 ਹੈ। ਇੱਕ ਵਾਰੀ ਧਿਰਾਂ ਨਾਲ ਇੰਟਰਵਿਊ ਅਤੇ ਤੱਥਾਂ ਦੀ ਪੜ੍ਹਤਾਲ ਬਾਰੇ ਇੱਕ ਨਿਜੀ ਛਾਣ-ਬੀਣ ਮੁਕੰਮਲ ਕਰ ਲਏ ਜਾਣ ਤੋਂ ਬਾਅਦ ਕਮਿਸ਼ਨ ਫਿਰ ਇਹ ਫੈਸਲ ਕਰਦਾ ਹੈ ਕਿ ਕੀ ਮਾਮਲਾ ਸੁਣਵਾਈ ਲਈ ਓਨਟੇਰੀਓ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਜਾਣਾ ਚਾਹੀਦਾ ਹੈ ਜਾਂ ਨਹੀਂ। ਇਸ ਕਾਰਵਾਈ ਨੂੰ ਪੰਜ ਸਾਲ ਤਕ ਲੱਗ ਜਾਂਦੇ ਹਨ ਅਤੇ ਇਸ ਦੌਰਾਨ ਬਿਨੈਕਾਰਾਂ ਨੂੰ ਕੋਈ ਕਾਨੂੰਨੀ ਮਦਦ ਨਹੀਂ ਦਿੱਤੀ ਜਾਂਦੀ।

ਨੀਤੀ ਸੰਬੰਧੀ ਆਪਣੇ ਕੰਮਾਂ, ਖੋਜ, ਅਤੇ ਮਨੁੱਖੀ ਹੱਕਾਂ ਦੇ ਠੋਸ ਮੁੱਦਿਆਂ ਬਾਰੇ ਸੇਧਾਂ ਵਿਕਸਤ ਕਰਨ ਬਦਲੇ ਕਮਿਸ਼ਨ ਨੂੰ ਅੰਤਰਾਸ਼ਟਰੀ ਮਾਨਤਾ ਮਿਲੀ ਹੈ। ਹਾਲੀਆਂ ਪ੍ਰਕਾਸ਼ਨਾਂ ਵਿੱਚ ਨਸਲੀ ਆਧਾਰ ਤੇ ਵਿਤਕਰਾ ਕੀਤੇ ਜਾਣ, ਉਮਰ ਦੇ ਆਧਾਰ ਤੇ ਵਿਤਕਰਾ ਕੀਤੇ ਜਾਣ, ਲਾਜ਼ਮੀ ਰਿਟਾਇਰਮੈਂਟ, ਅਤੇ ਰੈਸਟੋਰੈਂਟਾਂ ਵਿੱਚ ਦਾਖਲ ਹੋਣ ਦੀ ਸੌਖ ਵਰਗੀਆਂ ਰੀਪੋਰਟਾਂ ਸ਼ਾਮਲ ਹਨ।

## ਹਿਊਮਨ ਰਾਈਟਸ ਟ੍ਰਿਬਿਊਨਲ ਆਫ ਓਨਟੇਰੀਓ ਦੀ ਵਰਤਮਾਨ ਭੂਮਿਕਾ

ਮੈਗਿੰਟੀ ਸਰਕਾਰ ਨੇ ਮਨੁੱਖੀ ਹੱਕਾਂ ਬਾਰੇ ਉੱਘੇ ਵਕੀਲ ਮਾਈਕਲ ਗੋਠੀਲ ਨੂੰ ਅਪਰੈਲ 2005 ਵਿੱਚ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਦਾ ਚੇਅਰ ਨਿਯੁਕਤ ਕੀਤਾ।

ਟ੍ਰਿਬਿਊਨਲ ਇੱਕ ਆਜ਼ਾਦ, ਅਰਧ-ਨਿਆਂਇਕ ਅਦਾਰਾ ਹੈ ਜੋ ਕਾਨੂੰਨ ਤਹਿਤ ਵਿਤਕਰੇ ਅਤੇ ਤੰਗ-ਪ੍ਰੇਸ਼ਾਨ ਕੀਤੇ ਜਾਣ ਦੀਆਂ ਸ਼ਿਕਾਇਤਾਂ ਦੀ ਸੁਣਵਾਈ ਕਰਦਾ ਹੈ। ਇਹ ਸਿਰਫ ਉਨ੍ਹਾਂ ਹੀ ਸ਼ਿਕਾਇਤਾਂ ਦੀ ਸੁਣਵਾਈ ਕਰਦਾ ਹੈ ਜੋ ਇਸ ਨੂੰ ਕਮਿਸ਼ਨ ਵੱਲੋਂ ਭੇਜੀਆਂ ਜਾਣ। ਇਸ ਦੀ ਜ਼ਿੰਮੇਵਾਰੀ ਸ਼ਿਕਾਇਤਾਂ ਤੇ ਮੁੜ-ਵਿਚਾਰ ਅਤੇ ਫੈਸਲਾ ਕਰਨ ਦੀ ਹੈ। ਕਮਿਸ਼ਨ ਅਤੇ ਟ੍ਰਿਬਿਊਨ ਵਿਖੇ ਪ੍ਰਣਾਲੀ ਵਿੱਚ ਕੰਮ ਦੇ ਦੁਹਰਾਉ ਕਾਰਣ ਕਿੰਨ੍ਹੀ ਹੀ ਵਾਰੀ ਦੇਰ ਹੋ ਜਾਂਦੀ ਹੈ।

## ਪ੍ਰਸਤਾਵਿਤ ਨਵਾਂ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ

ਪ੍ਰਸਤਾਵਿਤ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਅਧੀਨ ਕਮਿਸ਼ਨ ਦਾ ਕੰਮ ਜਨਤਕ ਵਿੱਦਿਆ, ਵਿਸਤਾਰ ਅਤੇ ਜਨਤਕ ਵਕਾਲਤ, ਖੋਜ ਅਤੇ ਵਿਸ਼ਲੇਸ਼ਣ ਵਰਗੇ ਪੇਸ਼ਕਦਮੀ ਵਾਲੇ ਕਦਮਾਂ ਤੇ ਧਿਆਨ ਕੇਂਦ੍ਰਿਤ ਕਰਨਾ ਹੋਵੇਗਾ ਤਾਂ ਜੋ ਓਨਟੇਰੀਓ ਵਿੱਚੋਂ ਸਿਲਸਿਲੇਵਾਰ ਵਿਤਕਰੇ ਨੂੰ ਰੋਕਿਆ ਜਾ ਸਕੇ।

ਕਮਿਸ਼ਨ ਆਪਣੇ ਆਪ ਟ੍ਰਿਬਿਊਨਲ ਕੋਲ ਕੋਈ ਸ਼ਿਕਾਇਤ ਲਿਆ ਸਕਣ ਜਾਂ ਅਜਿਹੀਆਂ ਹੋਰ ਸ਼ਿਕਾਇਤਾਂ ਵਿੱਚ ਮੁਦਾਖਲਤ ਦੀ ਯੋਗਤਾ ਵੀ ਬਰਕਰਾਰ ਰੱਖੇਗਾ ਜਿੱਥੇ ਜਨਤਕ ਹਿਤ ਤੇ ਅਸਰ ਪਾਉਣ ਵਾਲੇ ਸਿਲਸਿਲੇਵਾਰ ਮੁੱਦੇ ਸ਼ਾਮਲ ਹੋਣ।

ਕਮਿਸ਼ਨ ਦੇ ਅੰਦਰ ਇੱਕ ਨਸਲਵਾਦ-ਵਿਰੋਧੀ ਸਕੱਤਰੇਤ ਅਤੇ ਅਪਾਹਜਤਾ ਸੰਬੰਧੀ ਹੱਕਾਂ ਬਾਰੇ ਇੱਕ ਸਕੱਤਰੇਤ ਸਥਾਪਤ ਕੀਤੇ ਜਾਣਗੇ।

## ਪ੍ਰਸਤਾਵਿਤ ਨਵਾਂ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ

ਸ਼ਿਕਾਇਤਾਂ ਬਾਰੇ ਇੱਕ ਨਵੀਂ ਕਾਰਵਾਈ ਲਾਗੂ ਕੀਤੀ ਜਾਵੇਗੀ ਜਿਸ ਵਿੱਚ ਦਰਖਾਸਤਾਂ ਸਿੱਧੀਆਂ ਟ੍ਰਿਬਿਊਨਲ ਕੋਲ ਹੀ ਦਾਇਰ ਕੀਤੀਆਂ ਜਾਣਗੀਆਂ। ਵਿਧਾਨ ਟ੍ਰਿਬਿਊਨਲ ਨੂੰ ਨਵੀਆਂ ਵਿਧਾਨਕ ਤਾਕਤਾਂ ਪ੍ਰਦਾਨ ਕਰੇਗਾ ਤਾਂ ਜੋ ਇਹ ਝਗੜਿਆਂ ਦੇ ਨਿਆਂਕਾਰੀ, ਕਾਰਗਰ ਅਤੇ ਅਸਰਦਾਰ ਹੱਲ, ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਲਈ ਮੁਆਵਜ਼ਾ ਦੇ ਸਕੇ ਅਤੇ ਆਪਣੇ ਵਿਹਾਰ ਅਤੇ ਰਵਾਇਤਾਂ ਤੈਅ ਕਰ ਸਕੇ।

ਪ੍ਰਸਤਾਵਿਤ ਵਿਧਾਨ ਅਨੁਸਾਰ ਟ੍ਰਿਬਿਊਨਲ ਮੁੱਦਿਆਂ ਬਾਰੇ ਪੁੱਛ-ਗਿੱਛ, ਤੱਥਾਂ ਦਾ ਪਤਾ ਲਾਉਣ ਅਤੇ ਸਾਲਸੀ ਦੀਆਂ ਕਾਰਵਾਈਆਂ ਕਰ ਸਕੇਗਾ। ਸਬੂਤਾਂ ਦਾ ਮੁੱਲਾਂਕਣ ਟ੍ਰਿਬਿਊਨਲ ਵੱਲੋਂ ਇੱਕ ਖੁੱਲ੍ਹੀ ਅਤੇ ਪਾਰਦਰਸ਼ੀ ਕਾਰਵਾਈ ਰਾਹੀਂ ਕੀਤਾ ਜਾਵੇਗ ਜਿਸ ਵਿੱਚ ਧਿਰਾਂ ਸਿੱਧੀ ਸ਼ਮੂਲੀਅਤ ਕਰ ਸਕਦੀਆਂ ਹਨ। ਕਮਿਸ਼ਨ ਕੋਲ ਇਹ ਯਕੀਨੀ ਬਣਾਉਣ ਦੀ ਸਮਰੱਥਾ ਹੋਵੇਗੀ ਕਿ ਸਭ ਸੰਬਧਤ ਸਬੂਤ ਇਸ ਅੱਗੇ ਪੇਸ਼ ਹੋਣ, ਅਤੇ ਅਜਿਹੀ ਜਾਣਕਾਰੀ ਤੈਅ ਸਮੇਂ ਦੇ ਵਿੱਚ-ਵਿੱਚ ਪੇਸ਼ ਕਰਨ ਲਈ ਇਹ ਧਿਰਾਂ ਨੂੰ ਮਜਬੂਰ ਕਰ ਸਕੇਗਾ।

## ਨਵਾਂ ਹਿਊਮਨ ਰਾਈਟਸ ਲੀਗਲ ਸਪੋਰਟ ਸੈਂਟਰ

ਪ੍ਰਸਤਾਵਿਤ ਮਾਡਲ ਵਿੱਚ ਇੱਕ ਨਵਾਂ ਹਿਊਮਨ ਰਾਈਟਸ ਲੀਗਲ ਸਪੋਰਟ ਸੈਂਟਰ ਹੋਵੇਗਾ ਜੋ ਟ੍ਰਿਬਿਊਲ ਕੋਲੋਂ ਹੱਲ ਦੀ ਮੰਗ ਕਰਨ ਵਾਲਿਆਂ ਨੂੰ ਜਾਣਕਾਰੀ, ਹਿਮਾਇਤ, ਸਲਾਹ, ਮਦਦ ਅਤੇ ਕਾਨੂੰਨੀ ਨੁਮਾਇੰਦਗੀ ਦੇਵੇਗਾ।

## ਅਗਲੇ ਕਦਮ

ਕਮਿਸ਼ਨ, ਟ੍ਰਿਬਿਊਨਲ, ਅਤੇ ਕਾਨੂੰਨੀ ਹਿਮਾਇਤ ਵਾਲੀਆਂ ਸੇਵਾਵਾਂ ਬਾਰੇ ਸਲਾਹ ਦੇਣ ਲਈ ਮਨਿਸਟਰੀ ਆਫ਼ ਦ ਐਟਰਨੀ ਜਨਰਲ ਇੱਕ ਸਲਾਹਕਾਰ ਕਮੇਟੀ ਬਣਾਵੇਗੀ। ਇਸ ਕਮੇਟੀ ਦੇ ਮੈਂਬਰਾਂ ਵਿੱਚ ਕਮਿਸ਼ਨ, ਟ੍ਰਿਬਿਊਨਲ, ਭਾਈਚਾਰਕ ਗਰੁੱਪਾਂ ਅਤੇ ਕਾਨੂੰਨੀ, ਲੇਬਰ ਅਤੇ ਕਾਰੋਬਾਰੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ।

- 30 -

ਸੰਪਰਕ:
ਬ੍ਰੈਂਡਨ ਕ੍ਰਾਅਲੀ
ਮਨਿਸਟਰੀ ਆਫ਼ ਦ ਐਟਰਨੀ ਜਨਰਲ
*(416) 326-2210*
*Disponible en français*

www.attorneygeneral.jus.gov.on.ca

ਇਹ ਦਸਤਾਵੇਜ www.attorneygeneral.jus.gov.on.ca ਵਿਖੇ 14 ਭਾਸ਼ਾਵਾਂ ਵਿੱਚ ਉਪਲਬਧ ਹੈ।

ਟੈਲੀਫੋਨ ਰਾਹੀਂ ਆਮ ਪੁੱਛ-ਗਿੱਛ: 416-326-2220 ਜਾਂ 1-800-518-7901

ਇਸ ਦਸਤਾਵੇਜ ਦਾ ਇੱਕ ਪਾਠ ਸੁਣਨ ਲਈ ਦ੍ਰਿਸ਼ਟੀ-ਹੀਣ ਵਿਅਕਤੀ ਉਪ੍ਰੋਕਤ ਨੰਬਰਾਂ ਤੇ ਫੋਨ ਕਰ ਸਕਦੇ ਹਨ।

ਟੀ.ਟੀ.ਵਾਈ.: 416-326-4012